# ਐਮਰਜੈਂਸੀ ਸੇਵਾਵਾਂ

**ਕਿਸੇ ਸੰਕਟ ਦੀ ਘੜੀ ਵਿੱਚ, ਤੁਹਾਨੂੰ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰਨਾ ਚਾਹੀਦਾ ਹੈ ਜੇਕਰ:**
·ਤੁਹਾਨੂੰ ਜਾਂ ਕਿਸੇ ਹੋਰ ਨੂੰ ਸੱਟ ਲੱਗ ਜਾਂਦੀ ਹੈ ਅਤੇ ਤੁਹਾਨੂੰ ਹਸਪਤਾਲ ਜਾਣ ਦੀ ਲੋੜ ਹੁੰਦੀ ਹੈ।
·ਤੁਹਾਡੀ ਜਾਂ ਕਿਸੇ ਹੋਰ ਦੀ ਜਾਨ ਖ਼ਤਰੇ ਵਿੱਚ ਹੈ।
·ਤੁਸੀਂ ਕੋਈ ਖ਼ਤਰਨਾਕ ਜਾਂ ਗ਼ੈਰ-ਕਾਨੂੰਨੀ ਚੀਜ਼ ਦੇਖਦੇ ਹੋ।

ਤੁਸੀਂ ਆਪਣੇ ਫ਼ੋਨ ਤੋਂ ਕਿਸੇ ਵੀ ਸਮੇਂ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰ ਸਕਦੇ ਹੋ – ਇਹ ਫ਼ੋਨ ਕਾਲ ਮੁਫ਼ਤ ਹੈ। ਤੁਹਾਨੂੰ ਪੁੱਛਿਆ ਜਾਵੇਗਾ ਕਿ ਕੀ ਤੁਹਾਨੂੰ ਪੁਲਿਸ, ਅੱਗ ਬੁਝਾਉਣ, ਜਾਂ ਐਂਬੂਲੈਂਸ ਦੀ ਲੋੜ ਹੈ।

**ਜਦੋਂ ਤੁਸੀਂ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰਦੇ ਹੋ, ਤਾਂ ਤੁਹਾਨੂੰ ਇਹ ਸਭ ਪੁੱਛਿਆ ਜਾਵੇਗਾ:**
·ਉਸ ਪਤੇ ਬਾਰੇ ਜਿੱਥੇ ਤੁਹਾਨੂੰ ਸਹਾਇਤਾ ਦੀ ਲੋੜ ਹੈ।
·ਤੁਹਾਡੀ ਸਭ ਤੋਂ ਨੇੜਲੀ ਕੱਟਦੀ ਗਲੀ ਜਾਂ ਚੌਰਾਹਾ।
·ਕੀ ਹੋਇਆ ਹੈ।

ਫ਼ੋਨ 'ਤੇ ਮੌਜੂਦ ਵਿਅਕਤੀ ਤੁਹਾਨੂੰ ਸਵਾਲ ਪੁੱਛੇਗਾ, ਜਿਸ ਚੀਜ਼ ਦੀ ਤੁਹਾਨੂੰ ਲੋੜ ਹੈ, ਉਸ ਦਾ ਇੰਤਜ਼ਾਮ ਕਰੇਗਾ ਅਤੇ ਤੁਹਾਨੂੰ ਹਿਦਾਇਤਾਂ ਦੇਵੇਗਾ। ਸ਼ਾਂਤ ਰਹੋ ਅਤੇ ਤਦ ਤੱਕ ਫ਼ੋਨ 'ਤੇ ਜੁੜੇ ਰਹੋ ਜਦ ਤੱਕ ਤੁਹਾਨੂੰ ਫ਼ੋਨ ਬੰਦ ਕਰਨ ਲਈ ਨਹੀਂ ਕਿਹਾ ਜਾਂਦਾ। ਜੇ ਤੁਹਾਨੂੰ ਲੋੜ ਪੈਂਦੀ ਹੈ ਤਾਂ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਜਾਵੇਗਾ।

**ਹੜ੍ਹਾਂ ਅਤੇ ਤੂਫਾਨਾਂ ਵਿੱਚ, ਤੁਹਾਡੇ ਨਾਲ ਇਹ ਵਾਪਰ ਸਕਦਾ ਹੈ:**
·ਤੁਹਾਡੇ ਘਰ ਜਾਂ ਕਾਰ 'ਤੇ ਦਰੱਖਤ ਡਿੱਗ ਪੈਂਦਾ ਹੈ,
·ਛੱਤ ਡਿੱਗ ਪਈ ਹੈ, ਜਾਂ
·ਘਰ ਵਿੱਚ ਹੜ੍ਹ ਆ ਗਿਆ ਹੈ।




ਜੇ ਅਜਿਹਾ ਵਾਪਰਦਾ ਹੈ, ਤਾਂ ਤੁਸੀਂ ਸਹਾਇਤਾ ਅਤੇ ਸਲਾਹ ਵਾਸਤੇ 132 500 'ਤੇ ਸਟੇਟ ਐਮਰਜੈਂਸੀ ਸਰਵਿਸ (SES) ਨੂੰ ਫ਼ੋਨ ਕਰ ਸਕਦੇ ਹੋ। ਯਾਦ ਰੱਖੋ, ਜੇ ਤੁਹਾਡੀ ਜਾਂ ਕਿਸੇ ਹੋਰ ਦੀ ਜ਼ਿੰਦਗੀ ਖ਼ਤਰੇ ਵਿੱਚ ਹੈ ਤਾਂ ਤੁਹਾਨੂੰ ਹਮੇਸ਼ਾ ਸਭ ਤੋਂ ਪਹਿਲਾਂ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰਨਾ ਚਾਹੀਦਾ ਹੈ।

ਵਿਕਟੋਰੀਆ ਵਿੱਚ, ਤੁਸੀਂ ਆਪਣੇ ਇਲਾਕੇ ਵਾਸਤੇ ਵਰਤਮਾਨ, ਭਰੋਸੇਯੋਗ ਸੰਕਟ ਸਮੇਂ ਦੀ ਜਾਣਕਾਰੀ ਨੂੰ ਵਿਕ ਐਮਰਜੈਂਸੀ ਦੀ ਵੈੱਬਸਾਈਟ (www.emergency.vic.gov.au) ਜਾਂ ਐਪ 'ਤੇ ਲੱਭ ਸਕਦੇ ਹੋ

ਤੁਸੀਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰ ਸਕਦੇ ਹੋ ਅਤੇ ਉਹਨਾਂ ਨੂੰ ਵਿਕ ਐਮਰਜੈਂਸੀ ਹੌਟਲਾਈਨ ਨੂੰ 1800 226 226 'ਤੇ ਫ਼ੋਨ ਕਰਨ ਲਈ ਕਹਿ ਸਕਦੇ ਹੋ।